# ਪੰਜਾਬੀ ਪੱਤਰਕਾਰੀ ਦਾ ਆਰੰਭ

ਪੰਜਾਬੀ ਪੱਤਰਕਾਰੀ ਦਾ ਆਰੰਭ ਉਨੀਵੀਂ ਸਦੀ ਦੇ ਉੱਤਰਾਰਧ ਵਿੱਚ ਹੋਇਆ, ਜਦੋਂ ਛਾਪੇਖਾਨੇ ਦੀ ਸਥਾਪਨਾ ਹੋਈ। ਕਿਉਂਕਿ ਪੱਤਰਕਾਰੀ ਦਾ ਸਰਬਪ੍ਰਮੁੱਖ ਜਨ-ਸਾਧਾਰਣ ਨੂੰ ਸੰਸਾਰ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਜਾਣਕਾਰ ਕਰਨਾ ਹੁੰਦਾ ਹੈ, ਜਨ-ਸਾਧਾਰਣ ਦੀ ਜਾਣਕਾਰੀ ਲਈ ਇਕ ਜਾਂ ਦੋ ਹੱਥ ਲਿਖਤਾਂ ਕਾਫੀ ਨਹੀਂ, ਇਸ ਉਦੇਸ਼ ਲਈ ਸੈਂਕੜੇ ਹਜ਼ਾਰਾਂ ਪ੍ਰਤੀਆਂ ਦੀ ਲੋੜ ਹੁੰਦੀ ਹੈ। ਇਤਨੀਆਂ ਪ੍ਰਤੀਆਂ ਹੱਥ ਲਿਖਤਾਂ ਰਾਹੀਂ ਸੰਭਵ ਨਹੀਂ ਹੋ ਸਕਦੀਆਂ। ਇਸ ਲਈ ਪੱਤਰਕਾਰੀ ਦਾ ਵਿਕਾਸ ਛਾਪੇਖਾਨੇ ਦੇ ਵਿਕਾਸ ਉੱਤੇ ਨਿਰਭਰ ਕਰਦਾ ਹੈ। ਪੰਜਾਬੀ ਪੱਤਰਕਾਰੀ ਵੀ ਤਦ ਹੀ ਸ਼ੁਰੂ ਹੋ ਸਕੀ, ਜਦ ਪੰਜਾਬੀ ਅੱਖਰ ਦੀ ਛਪਾਈ ਆਰੰਭ ਹੋ ਗਈ। ਇਸਦੇ ਨਾਲ ਹੀ ਨਵੀਨ ਚੇਤਨਾ, ਪੱਛਮੀ ਵਿਚਾਰਧਾਰਾ ਦਾ ਪ੍ਰਭਾਵ, ਸੁਧਾਰਵਾਦੀ ਲਹਿਰਾਂ, ਰਾਜਨੀਤਕ ਜਾਂ ਧਾਰਮਿਕ ਜਾਗਰੂਕਤਾ ਆਦਿ ਪ੍ਰਵਿਰਤੀਆਂ ਪੱਤਰਕਾਰੀ ਦੇ ਵਿਕਾਸ ਵਿੱਚ ਉਤੇਜਕ ਸਾਬਤ ਹੋਈਆਂ ਹਨ।

ਜਿਸ ਪੰਜਾਬੀ ਵਿੱਚ ਨਿਰੋਲ ਗੁਰਮੁਖੀ ਲਿਪੀ ਵਿੱਚ ਪਹਿਲਾ ਪੱਤਰ ਛਪਿਆ 1 ਮਾਰਚ 1867 ਨੂੰ 'ਅਖਬਾਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ' ਦੇ ਨਾਂ ਥੱਲੇ ਅੰਮ੍ਰਿਤਸਰ ਤੋਂ ਜਾਰੀ ਕੀਤਾ ਗਿਆ। ਇਹ ਇਕ ਪੰਨੇ-ਦਾ ਪੱਤਰ ਸੀ। ਇਸ ਪੱਤਰ ਦਾ ਸੰਪਾਦਕ ਸਾਧੂ ਹਰੀ ਜਗਦੀਸ਼ ਤੇ ਸੰਚਾਲਕ ਗਿਆਨੀ ਗਿਆਨ ਸਿੰਘ ਸੀ। ਇਹ ਵੱਡੇ ਇਸ਼ਤਿਹਾਰ ਜਿਹੀ ਸ਼ੈਲੀ ਸਨ। ਭਾਵੇਂ ਪੱਤਰ ਦੇ ਨਾਂ ਤੋਂ ਇਹ ਸਿੱਖੀ ਦਾ ਪ੍ਰਚਾਰਕ ਪ੍ਰਤੀਤ ਹੁੰਦਾ ਹੈ, ਪਰ ਇਸ ਪੱਤਰ ਦਾ ਅਸਲੀ ਉਦੇਸ਼ ਹਿੰਦੂ ਧਰਮ ਦਾ ਪ੍ਰਚਾਰ ਸੀ, ਕਿਉਂਕਿ ਇਸ ਪੱਤਰ ਦੀ ਬੋਲੀ ਤੋਂ ਹੀ ਪ੍ਰਤੱਖ ਹੈ:

ਯਹ ਸਮਾਚਾਰ ਪੱਤ੍ਰ ਅਤਿਪਵਿੱਤ੍ਰ ਅਦਭੁਤ ਸ੍ਰੀ ਗੁਰੂਓਂ ਸੇ ਭਰਾ ਹੂਆ ਹਰ ਐਤਵਾਰ ਕੀ ਸੁਬਹ ਕੋ ਛਾਪਾਖਾਨਾ ਅਖਬਾਰ ਪੰਜਾਬ ਗਜ਼ਟ ਕੇ ਸ੍ਰੀ ਅੰਮ੍ਰਿਤਸਰ ਸੇ ਹੋ ਕੇ ਛਪ ਕੇ ਸ੍ਰੀ ਸਾਧਾ ਤੇ ਰੂਪ ਧਰ ਪ੍ਰਗਟ ਹੋਤਾ ਹੈ..... ਯਹ ਸਮਾਚਾਰ ਪੱਤ੍ਰ ਜਿਸ ਮੇਂ

"ਏਸ ਦੇਸ਼ ਦੀ ਅਨੇਕ ਸਦੀ ਔਰ ਉਸਦਾ ਪਹਿਲੇ ਛਪਤੀ ਹੈਂ.... ਅਨੇਕ ਪ੍ਰਕਾਰ ਕੇ ਇਤਿਹਾਸ ਸੌਦਾਗਰੀ ਔਰ ਸਰਦਾਰੀ ਔਰ ਆਮ ਖ਼ਾਸ ਕੇ ਪ੍ਰਸਿੱਧ ਕੀਏ ਜਾਤੇ ਹੈਂ।"

ਇਹ ਇਕ ਸਪਤਾਹਿਕ ਪਤ੍ਰ ਅਖ਼ਬਾਰ ਸੀ ਤੇ ਇਸ ਵਿਚ ਅਧਿਆਤਮਕੀ ਇਤਿਹਾਸ ਤੇ ਸਰਕਾਰੀ ਖ਼ਬਰਾਂ ਆਦਿ ਛਪਦੇ ਸਨ। ਇਸ ਪੱਤਰ ਦੇ ਪਹਿਲੇ ਪੰਨੇ ਉੱਤੇ ਹਰਿਮੰਦਰ ਸਾਹਿਬ ਦਾ ਚਿੱਤਰ ਛਾਪਿਆ ਜਾਂਦਾ ਸੀ। ਇਹ ਪੱਤਰ ਪੱਥਰ ਦੇ ਛਾਪੇ ਤੇ ਛਪਦੇ ਸੀ ਤੇ ਇਸ ਦੀ ਲਿਖਤ ਹੱਥ ਨਾਲ ਹੋਣ ਕਾਰਨ ਵੱਡੀ ਛੋਟੀ ਹੁੰਦੀ ਰਹਿੰਦੀ ਸੀ। ਇਹ ਸੈਗ੍ਰਾਤਮਕ ਲਿਖਣ ਵਿਧੀ ਵਿਚ ਲਿਖਿਆ ਜਾਂਦਾ ਸੀ ਤੇ ਇਸ ਦੀ ਭਾਸ਼ਾ ਹਿੰਦੀ ਸੀ। ਇਸ ਪੱਤਰ ਦੇ ਪਹਿਲੇ ਪੰਨੇ ਉੱਤੇ ਸੰਗ੍ਰਾਨ ਰੀਤ ਅਤੇ ਸੰਗ੍ਰਾਨ ਸੰਮਤ ਆਦਿ ਛਾਪਿਆਂ ਦਾ ਵੇਰਵਾ ਦਰਜ ਕੀਤਾ ਗਿਆ ਹੁੰਦਾ ਤੇ ਹੇਠਾਂ ਪੱਤਰ ਨੇ ਦੋ ਕਾਲਮਾਂ ਵਿਚ ਵੰਡਿਆ ਜਾਂਦਾ ਸੀ। ਇਸ ਪੱਤਰ ਦੀ ਲਿਖਤ ਤੋਂ ਪ੍ਰਗਟ ਹੁੰਦਾ ਹੈ ਕਿ ਇਸ ਦਾ ਸੰਪਾਦਕ ਅਤੇ ਕਾਤਬ ਬਹੁਤ ਪੜ੍ਹੇ ਲਿਖੇ ਨਹੀਂ ਸਨ, ਜਿਥੇ ਛਾਪੇ ਸਬਦ ਵੱਧ ਹੁੰਦੇ ਸਨ ਅਤੇ ਉਨ੍ਹਾਂ ਦੇ ਅੱਖਰ ਜੋੜਾਂ ਵਿਚ ਵੀ ਇਕਸਾਰਤਾ ਦਿਖਾਈ ਨਹੀਂ ਦਿੰਦੀ, ਪਰ ਇਸ ਪੱਤਰ ਵਿਚ ਸਿਰਲੇਖ ਛਪਦੇ ਸਨ। ਇਸ ਪੱਤਰ ਦਾ ਆਕਾਰ ਨਿਸ਼ਚਿਤ ਨਹੀਂ ਸੀ ਤੇ ਹਰ ਅੰਕ ਨਾਲ ਬਦਲਦਾ ਰਹਿੰਦਾ ਸੀ। ਆਮ ਕਰਕੇ ਇਹ 20" x 26"/8 ਦੇ ਆਕਾਰ ਵਿਚ ਛਪਦਾ ਸੀ। ਇਸ ਪੱਤਰ ਵਿਚ ਛਪਦੇ ਸਮਾਚਾਰ ਸਮਕਾਲੀ ਪੱਤਰਾਂ ਵਿੱਚੋਂ ਲਿਖ ਕੇ ਛਾਪੇ ਜਾਂਦੇ ਸਨ। ਇਸ ਪੱਤਰ ਦੇ ਜੀਵਨ ਕਾਲ ਵਿਚ ਕੂਕਾ ਅੰਦੋਲਨ ਚਲੇ, ਪਰ ਸੰਪਾਦਕ ਨੇ ਆਪਣੀ ਰਾਜ ਭਗਤੀ ਦਾ ਸਬੂਤ ਦਿੰਦੇ ਹੋਏ ਕਦੀ ਵੀ ਕੁਝ ਨਾ ਲਿਖਿਆ। ਇਸ ਪੱਤਰ ਦੇ ਚਾਰ ਪੰਨੇ ਹੁੰਦੇ ਸਨ, ਜਿਹਨੂੰ ਵਿਸ਼ੇਸ਼ ਅਵਸਰਾਂ ਉੱਤੇ ਵਧਾ ਵੀ ਲਏ ਜਾਂਦੇ ਸਨ।

ਉਪਰੋਕਤ ਪੱਤਰ ਤੋਂ ਅੱਠ ਸਾਲ ਮਗਰੋਂ, ਸੰਨ 1875 ਵਿੱਚ ਪੰਡਤ ਸੰਤੋਖ ਸਿੰਘ ਨੇ ਦਿੱਲੀ ਤੋਂ ਗੁਰਮੁਖੀ ਦਾ ਮਾਸਿਕ ਪੱਤਰ 'ਸੁਕਬਿ ਸੰਬੋਧਨੀ' ਜਾਰੀ ਕੀਤਾ ਅਤੇ ਇਸੇ ਦੇ ਅਨੁਵਾਦ ਤੇ ਸੰਨ 1876 ਵਿੱਚ 'ਅਖਬਾਰ ਕਾਵਜ ਕੇਤੂਦਯ' ਗੁਰਮੁਖੀ ਜਾਰੀ ਹੋਇਆ। ਇਨ੍ਹਾਂ ਪੱਤਰਾਂ ਦੀ ਲਿਪੀ ਭਾਵੇਂ ਗੁਰਮੁਖੀ ਸੀ, ਪਰ ਇਨ੍ਹਾਂ ਦੀ ਬੋਲੀ ਹਿੰਦੀ ਸੀ ਅਤੇ ਇਨ੍ਹਾਂ ਦੋਹਾਂ ਦੇ ਨਾ ਹੀ ਦਿੱਲੀ ਵਾਲੇ ਸਨ। ਇਹ ਪੱਤਰ ਲਾਹੌਰ ਤੋਂ ਪੰਥਕ ਨੇ ਕਾਵੇ ਤੇ ਛਪਦੇ ਸਨ। ਇਨ੍ਹਾਂ ਦਾ ਵਪਾਰੀ ਪੱਖ ਉੱਕਾ ਤੇ ਲੋਕ ਮਸਲੇ ਹੱਲ ਹੁੰਦੇ ਸਨ। ਇਨ੍ਹਾਂ ਪੱਤਰਾਂ ਵਿੱਚ ਪਿੰਗਲ ਦੀ ਸੇਵਾ ਹਿੰਦੂਆਂ ਦੇ ਵਿਚਲੇ ਵਿਚਾਰ ਨਾਲ ਸਮਝਾ ਕੇ ਗੱਲ ਕਰਨ ਦੀ ਰੀਤ ਆਈ ਹੈ ਪ੍ਰਗਟ ਕੀਤਾ ਗਿਆ, ਇਸ ਕਿਸਮ ਦੀ ਜਾਣਕਾਰੀ ਹੁਣ ਤੱਕ ਕਿਸੇ ਵੀ ਪੱਤਰ ਨੇ ਪੰਜਾਬੀ ਸਾਹਿਤ ਸੰਸਾਰ ਨੂੰ ਨਹੀਂ ਦਿੱਤੀ। ਇਹ ਪੱਤਰ ਦੋਵੇਂ ਛੇਤੀ ਹੀ ਬੰਦ ਹੋ ਗਏ।

**ਸਿੰਘ ਸਭਾ ਲਹਿਰ:**— ਸੰਨ 1849 ਵਿੱਚ ਰਾਜ-ਭਾਗ ਖੁੱਸ ਜਾਣ ਮਗਰੋਂ ਸਿੱਖਾਂ ਉੱਤੇ ਮੁਸੀਬਤਾਂ ਟੁੱਟ ਪਈਆਂ ਸਨ। ਅਨੇਕਾਂ ਰਈਸ ਅਤੇ ਸਰਦਾਰ ਤਬਾਹ ਹੋ ਗਏ। ਸ੍ਰੀ ਅੰਮ੍ਰਿਤਸਰ ਦਾ ਅਕਾਲ ਤਖ਼ਤ ਅਤੇ ਤਰਨਤਾਰਨ ਦੇ ਗੁਰਦੁਆਰੇ ਸਰਕਾਰ ਦੇ ਪ੍ਰਬੰਧ ਹੇਠਾਂ ਚਲੇ ਗਏ ਅਤੇ ਉਨ੍ਹਾਂ ਪਾਸੋਂ ਈਸਾਈ ਮਤ ਦਾ ਪ੍ਰਚਾਰ ਤੇਜ਼ ਹੋ ਗਿਆ। ਮਹਾਰਾਜਾ ਦਲੀਪ ਸਿੰਘ ਈਸਾਈ ਹੋ ਚੁੱਕਾ ਸੀ। ਥੋੜ੍ਹੇ ਥੋੜ੍ਹੇ ਸਿੱਖ ਇਥੇ ਤਕ ਗਿਰ ਗਏ ਕਿ ਸਹਜ ਸਿੱਖ ਹੀ ਤੇ ਵਿੱਚ ਬ੍ਰਾਹਮਣਾਂ ਦੇ ਚੇਲੇ ਬਣ ਗਏ, "ਇਹ ਅਵਤਾਰ ਦੀਆਂ ਪੂਜਾ ਇਨ੍ਹਾਂ ਦਾ ਧਰਮ ਅਤੇ 'ਦੀਵਾਲੀ', 'ਦੁਸਹਿਰਾ' ਇਨ੍ਹਾਂ ਦੇ ਤਿਉਹਾਰ, ਦੇਵੀ ਦੇਵਤੇ ਇਨ੍ਹਾਂ ਦੇ ਇਸ਼ਟ, ਜਨ ਤੇ ਭੇਖੀ ਸੰਤ ਇਨ੍ਹਾਂ ਦਾ ਗੁਰੂ ਅਤੇ ਪ੍ਰਗਟ ਸਿੱਖਾਂ ਦੀ ਜਾਨ ਹੋ ਗਏ। ਸਿੱਖ ਧਰਮ ਧਰਮਗ੍ਰੰਥਾਂ ਵਿੱਚ ਹੀ ਰਹਿ ਗਿਆ। ਇਥੇ ਤਕ ਕਿ ਸਤੀ ਦੀ ਰਸਮ ਫਿਰ ਪ੍ਰਚਲਿਤ ਹੋ ਗਈ। ਸਿੱਖਾਂ ਵਿੱਚ ਆਈ ਇਸ ਗਿਰਾਵਟ

DATE

ਸਦਕਾ ਕਈ ਧਾਰਮਿਕ ਤੇ ਸਮਾਜ ਸੁਧਾਰਕ ਲਹਿਰਾਂ ਉਠੀਆਂ, ਜਿਵੇਂ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਆਦਿ। ਨਿਰੰਕਾਰੀ ਲਹਿਰ ਦਾ ਉਦੇਸ਼ ਧਾਰਮਿਕ ਸੁਧਾਰ ਸੀ। ਪੱਤਰਕਾਰੀ ਦੇ ਖੇਤਰ ਵਿਚ ਨਿਰੰਕਾਰੀ ਲਹਿਰ ਦਾ ਯੋਗਦਾਨ ਤੁਕਨਾਮੇ ਜਾਰੀ ਕਰਨ ਦਾ ਕਿਹਾ ਜਾ ਸਕਦਾ ਹੈ।

**ਸਿੰਘ ਸਭਾ ਲਹਿਰ ਦਾ ਉਦੇਸ਼ :-** ਸਾਧਾਰਣ ਤੌਰ ਤੇ ਸਿੰਘ ਸਭਾ ਲਹਿਰ ਸਿੱਖਾਂ ਦੇ ਵਿਚ ਸ਼ਕਤੀਸ਼ਾਲੀ ਸਨੇਹਾ ਦਾ ਪ੍ਰਚਾਰ ਸੀ। ਇਸ ਲਹਿਰ ਦੇ ਸਦਕਾ ਸਿੱਖ ਆਪਣੇ ਵਿਚ ਆਈ ਗਿਰਾਵਟ ਅਤੇ ਬਾਹਰ ਉਪਜ ਤੋਂ, ਜਿਸ ਦੇ ਕਾਰਨ ਇਨ੍ਹਾਂ ਦਾ ਪਤਨ ਸ਼ੁਰੂ ਹੋ ਆਈ ਜਾ ਰਿਹਾ ਸੀ, ਖਲਾਸੀ ਪ੍ਰਾਪਤ ਕਰ ਸਕੇ ਅਤੇ ਆਪਣੀ ਮੌਲਿਕ ਅਤੇ - ਪੂਰਨਤਾ ਦੇ ਸੋਮੇ ਨੂੰ ਮੁੜ ਲੱਭ ਸਕੇ। ਦੂਜਾ ਸਿੱਖਾਂ ਨੂੰ ਈਸਾਈ ਬਣਾਏ ਜਾਣ ਤੋਂ ਉਪਜੇ ਰੋਸ ਅਤੇ ਬਾਦ ਵਿਚ ਇੱਕ ਹੋਰ ਧਾਰਮਿਕ ਲਹਿਰ ਦੇ ਜੋਸ਼ ਨਾਲ ਉਪਜੇ ਜੋਸ਼ੀਲੇ ਪ੍ਰਚਾਰਕਾਂ ਦੇ ਪ੍ਰਚਾਰ ਕਰਕੇ ਸਾਸਤਰਾਰਥ ਨੇ ਨਿਗਾਰ ਰੂਪ ਵਿਚ ਹੱਲਾਸ਼ੇਰੀ ਦਿੱਤੀ। ਸਿੱਖਾਂ ਨੂੰ ਇਹ ਅਨੁਭਵ ਹੋਣ ਲੱਗਿਆ ਕਿ ਇਨ੍ਹਾਂ ਤੋਂ ਗੁਰੂ ਤਾਂ ਖੁੱਸ ਹੀ ਗਿਆ ਹੈ, ਹੁਣ ਪੰਥ ਵੀ ਖੋਹਿਆ ਜਾ ਰਿਹਾ ਹੈ।

**ਸਿੰਘ ਸਭਾ ਲਹਿਰ ਦੇ ਜਨਮ ਦੇ ਫੌਰੀ ਕਾਰਨ:-**

ਸਿੱਖ ਤਾਂ ਈਸਾਈਆਂ ਦੇ ਪ੍ਰਚਾਰ ਤੋਂ ਪਹਿਲਾਂ ਹੀ ਚਿੰਤਤ ਹੋਏ ਸਨ, 1873 ਵਿਚ ਦੋ ਘਟਨਾਵਾਂ ਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ। ਪਹਿਲੀ ਘਟਨਾ ਇਹ ਸੀ ਕਿ 1873 ਦੇ ਆਰੰਭ ਵਿਚ ਚਾਰ ਸਿੱਖ ਵਿਦਿਆਰਥੀਆਂ ਨੇ ਈਸਾਈ ਹੋਣ ਦੀ ਇੱਛਾ ਪ੍ਰਗਟ ਕੀਤੀ। ਪਤਾ ਲੱਗਣ ਉੱਤੇ ਸਿੱਖ ਮੁਖੀਆਂ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਸਮਝਾ ਬੁਝਾ ਕੇ ਈਸਾਈ ਬਣਨ ਤੋਂ ਰੋਕਿਆ। ਦੂਜੀ ਘਟਨਾ ਇਹ ਸੀ ਕਿ ਸਰਕਾਰ ਦੇ ਵਿਚ

ਇੱਕ ਸਭਾ ਪੰਡਤ ਸ਼ਰਧਾ ਰਾਮ ਫਿਲੌਰੀ ਨੇ, ਗੁਰੂ ਕੇ ਬਾਗ ਅੰਮ੍ਰਿਤਸਰ ਵਿੱਚ ਇਕ ਇਨ ਰੂਪ ਕਰਵਾਈਆਂ ਸਿੱਖਾਂ ਨੂੰ ਕਿਉਂਕਿ ਉਹ ਗੁਰੂ ਸਾਹਿਬਾ ਦੀ ਸ਼ਾਨ ਵਿੱਚ ਕੁਝ ਅਯੋਗ ਸ਼ਬਦ ਕਹੇ ਤੇ ਖ਼ਾਲਸਾ ਪੰਥ ਉੱਤੇ ਕਰੜੀ ਨੁਕਤਾਚੀਨੀ ਵੀ ਕੀਤੀ। ਅੰਗਰੇਜ਼ਾਂ ਪਾਦਰੀਆਂ ਦੇ ਪ੍ਰਤਿਕਰਮ ਵਜੋਂ ਸਿੱਖਾਂ ਦੇ ਮੋਹਰੇ ਮੁਖੀ 30 ਜੁਲਾਈ, 1873, ਨੂੰ ਗੁਰੂ ਕਾ ਬਾਗ, ਅੰਮ੍ਰਿਤਸਰ ਵਿਖੇ ਇਕੱਠੇ ਹੋਏ, ਜਿੱਥੇ ਸਰਬਸੰਮਤੀ ਨਾਲ ਪਾਸ ਹੋਏ ਤੇ ਗੁਰਮਤਿ ਪ੍ਰਚਾਰ ਤੇ ਸਿੱਖਾਂ ਦੇ ਸਮਾਜਿਕ ਸੁਧਾਰ ਵਾਸਤੇ ਸ੍ਰੀ ਗੁਰੂ ਸਿੰਘ ਸਭਾ ਦੀ ਨੀਂਹ ਰੱਖੀ ਗਈ।

**ਸਿੰਘ ਸਭਾ ਲਹਿਰ ਦਾ ਪ੍ਰਭਾਵ :-** ਸਿੰਘ ਸਭਾ ਦੇ ਧਾਰਮਿਕ ਪ੍ਰਚਾਰ ਨੇ ਛੇਤੀ ਹੀ ਅਸਰ ਕਰਨਾ ਸ਼ੁਰੂ ਕਰ ਦਿੱਤਾ। ਸੰਨ 1881 ਦੀ ਮਰਦਮ-ਸ਼ੁਮਾਰੀ ਅਨੁਸਾਰ ਸਿੱਖਾਂ ਦੀ ਗਿਣਤੀ 17,06,165 ਸੀ, ਜਿਹੜੀ 1891 ਵਿੱਚ 18,49,371 ਹੋ ਗਈ। ਇਹ ਗਿਣਤੀ ਵਧ ਕੇ ਸੰਨ 1901 ਵਿੱਚ 21,95,339, ਸੰਨ 1911 ਵਿੱਚ 30,14,466, ਸੰਨ 1921 ਵਿੱਚ 32,38,803 ਸੰਨ 1931 ਵਿੱਚ 43,35,771 ਹੋ ਗਈ। ਸਿੱਖਾਂ ਵਿੱਚ ਪੜ੍ਹਨ ਦੀ ਭੁੱਖ ਦਾ ਵਿਕਾਸ ਰਚੀਆਂ ਸਿੱਖ ਵਿਦਵਾਨਾਂ ਨੇ 'ਤਵਾਰੀਖ ਖ਼ਾਲਸਾ', 'ਗੁਰ ਸ਼ਬਦ ਕੋਸ਼', 'ਗੁਰੂ ਗ੍ਰੰਥ ਸੰਗੀਤ', 'ਗੁਰਪ੍ਰਣਾਲੀਆਂ', ਆਦਿ ਕਿਤਾਬਾਂ ਤੇ ਸੰਪਾਦਿਤ ਗ੍ਰੰਥ ਛਾਪੀਆਂ। ਇਨ੍ਹਾਂ ਪੁਸਤਕਾਂ ਨੇ ਸਿੱਖਾਂ ਨੂੰ ਧਰਮ ਵਿੱਚ ਪਰਪੱਕ ਕੀਤਾ।

**ਸਿੰਘ ਸਭਾ ਲਹਿਰ ਦਾ ਕਾਰਜ ਖੇਤਰ :-**

ਸਿੱਖਾਂ ਦੀ ਇਹ ਪਹਿਲੀ ਸਭਾ ਸੀ, ਜਿਸ ਦਾ ਇਕ ਨਿਸ਼ਚਿਤ ਵਿਧਾਨ ਸੀ ਤੇ ਇਹ ਲੋਕਤੰਤਰੀ ਲੀਹਾਂ ਉੱਤੇ ਉਸਾਰੀ ਗਈ ਸੀ। ਸਿੰਘ ਸਭਾ ਦੀ ਪ੍ਰਧਾਨਗੀ ਤੇ ਸਕੱਤਰੀ ਲਈ ਚੋਣਾਂ

~~ਸਦਕਾ ਕਈ ਧਾਰਮਿਕ ਤੇ ਸਮਾਜਿਕ ਸੁਧਾਰਕ ਲਹਿਰਾਂ ਉੱਠੀਆਂ, ਜਿਵੇਂ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ ਆਦਿ।~~

ਉਠੀਆਂ ਸਨ। ਇਸ ਦੇ ਸੰਦਰਭ ਵਿਚ ਕਈ ਪ੍ਰਮੁੱਖ ਕਾਰਨ ਸਨ। ਸਿੰਘ ਸਭਾ ਨੇ ਪਹਿਲੇ ਸਿੱਖ ਗੁਰਦੁਆਰੇ ਵਿੱਚ ਅੰਗਰੇਜ਼ੀ ਸਿੱਖਿਆ ਅਤੇ ਕਈ ਸਿੱਖ ਵਿਦਵਾਨ ਅਤੇ ਪ੍ਰਚਾਰਕ ਇਸ ਵਿਚ ਸ਼ਾਮਿਲ ਹੋ ਗਏ। ਸਿੰਘ ਸਭਾ ਦੀ ਵਿਚਾਰਧਾਰਾ ਸਿੱਖ ਇਤਿਹਾਸ ਵਿਚ ਪ੍ਰਮੁੱਖ ਰੂਪ ਵਿਚ ਰਹਿਤਾਂ ਦਾ ਨਵੀਨੀ ਤੇ ਰੀਤੀਰਿਵਾਜ ਹੋਏ ਸਿਧਾਂਤਾਂ ਦਾ ਪ੍ਰਚਾਰ ਸੀ।
ਸਿੰਘ ਸਭਾ ਦੇ ਆਸ਼ਿਆਂ ਵਿੱਚ ਸਿੱਖ ਮੱਤ ਨੂੰ ਆਪਣੀ ਪੁਰਾਤਨ ਪਵਿੱਤਰਤਾ ਦੇ ਰੂਪ ਤੱਕ ਪਹੁੰਚਾਉਣ, ਇਤਿਹਾਸਕ ਤੇ ਧਾਰਮਿਕ ਪੁਸਤਕਾਂ ਸੰਪਾਦਿਤ ਤੇ ਪ੍ਰਕਾਸ਼ਿਤ ਕਰਨਾ, ਵਰਤਮਾਨ ਗਿਆਨ ਦਾ ਪੰਜਾਬੀ ਮਾਧਿਅਮ ਰਾਹੀਂ ਪ੍ਰਚਾਰ ਕਰਨਾ, ਪੰਜਾਬੀ ਵਿੱਚ ਸਮਾਚਾਰ ਪੱਤਰ ਜਾਰੀ ਕਰਨਾ, ਕੁਰਾਹੇ ਪੈਣ ਵਾਲਿਆਂ ਦਾ ਸੁਧਾਰ ਕਰਕੇ ਸਿੱਖ ਮਤ ਵਿਚ ਲਿਆਉਣਾ, ਆਦਿ ਸ਼ਾਮਿਲ ਸਨ।

<u>ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ :-</u>

ਭਾਵੇਂ 1876 ਤੋਂ ਪਹਿਲਾਂ ਗੁਰਮੁਖੀ ਲਿਪੀ ਵਿੱਚ ਸੱਤ ਪੱਤਰ ਜਾਰੀ ਹੋ ਚੁੱਕੇ ਸਨ, ਪਰ ਪੰਜਾਬ ਵਿੱਚ ਪੰਜਾਬੀਆਂ ਵੱਲੋਂ ਸਹੀ ਰੂਪ ਵਿਚ ਪੰਜਾਬੀ ਦਾ ਪਹਿਲਾ ਪੱਤਰ ਤਾਰਕੇ, ਸੰਮਤ ਨਾਨਕਸ਼ਾਹੀ 407, ਅਰਥਾਤ ਸਨ 1876 ਵਿੱਚ ਭਾਈ ਕਰਤਾਰ ਸਿੰਘ ਗਿਆਨੀ ਨੇ 'ਅਕਾਲ ਪ੍ਰਕਾਸ਼' ਦੇ ਨਾਂ ਹੇਠ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ। ਸਿੰਘਾਂ ਦੇ ਇਸ ਪਹਿਲੇ ਪੱਤਰ ਸੰਬੰਧੀ 'ਪੰਜਾਬੀ ਕੋਸ਼' ਦੀ ਸੰਪਾਦਿਕਾ ਨੇ ਲਿਖਿਆ :-

ਸਿੱਖਾਂ ਦੀ ਸਭ ਤੋਂ ਪਹਿਲੀ ਅਖਬਾਰ ਸੰਨ 1876 ਨੂੰ ਜਾਰੀ ਹੋਈ, ਇਸ ਦਾ ਨਾਮ 'ਅਕਾਲ ਪ੍ਰਕਾਸ਼' ਸੀ, ਦੂਜੀ ਅਖਬਾਰ 10 ਨਵੰਬਰ 1880 ਨੂੰ ਜਾਰੀ ਹੋਈ, ਜਿਸ ਦੇ ਐਡੀਟਰ ਸ੍ਰੀ ਮਾਨ ਮਹੰਤ ਬਾਵਾ ਭਾਈ ਸਾਹਿਬ ਭਾਈ ਗਣੇਸ਼ ਸਿੰਘ ਜੀ, ਸਕੱਤਰ ਸਿੰਘ ਸਭਾ ਲਾਹੌਰ ਸਨ। ਇਨਾਂ ਦੋਹਾਂ ਅਖਬਾਰਾਂ ਦੇ ਠੀਕ ਪਹਿਲੇ ਪਰਚੇ ਭਾਈ ਦਿੱਤ ਜੀ ਲਾਇਬ੍ਰੇਰੀ ਸਿੱਖ ਕੰਨਿਆਂ ਮਹਾਂ ਵਿਦਿਆਲਯ ਵਿੱਚ ਪਏ ਹਨ।[98]

ਇਸ ਪੱਤਰ ਦੀ ਪ੍ਰਸਿੱਧੀ ਦਾ ਅਨੁਮਾਨ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਕੁਝ ਹੀ ਮਹੀਨਿਆਂ ਵਿੱਚ ਇਸ ਦੀਆਂ 1800 ਕਾਪੀਆਂ ਛਪਣ ਲੱਗ ਪਈਆਂ ਸਨ। ਇਸ ਦਾ ਮੁੱਲ ਚਾਰ ਪਾਈ ਪ੍ਰਤਿ ਕਾਪੀ ਸੀ।[99] ਇਸ ਪੱਤਰ ਦੇ ਸੰਪਾਦਨ ਬਾਰੇ ਮਸ਼ਹੂਰ ਰਸਾਲਾ 'ਪੰਜਾਬੀ ਭੈਣ' ਦੀ ਸੰਪਾਦਿਕਾ ਨੇ ਲਿਖਿਆ :-

ਪੰਥ ਪਿਆਰੇ ਵੀਰ ਭੈਣਾਂ ਇਹ ਪੜ੍ਹਕੇ ਹੈਰ ਵੀ ਖੁਸ਼ ਹੋਣਗੇ ਕਿ ਸਾਡੇ ਸਭ ਤੋਂ ਪਹਿਲੇ ਕੌਮੀ ਅਖਬਾਰ (ਅਕਾਲ ਪ੍ਰਕਾਸ਼) ਦੇ ਪਹਿਲੇ ਐਡੀਟਰ ਪ੍ਰਧਾਨ ਵੀਰ ਜੀ ਕੌਮ ਦੇ ਤਕ ਦੀਦੇ ਹਨ ਅਰ ਪੰਥ ਦੀ ਸੇਵਾ ਵਿੱਚ ਲੱਗੇ ਰਹੇ ਹਨ---- ਆਪ ਜੀ ਕਾਫੀ ਲਿਖਦੇ, ਪੜ੍ਹਦੇ ਰਹਿੰਦੇ, ਅਰ ਪੰਥ ਵਿੱਚ ਦੀ ਕਥਾ ਕਰ ਆਪ ਜੀ ਸਿਖਾਉਂਦੇ ਰਹਿੰਦੇ ਸਨ--- ਆਪ ਨੇ ਆਪਣੇ ਅਖਬਾਰ ਦਾ ਵਰਤਾ ਪਹਿਲਾ ਮੋੜਨ ਚਾਹ ਲੈਸ ਕਿਆ ਸੀ।[100]

ਇਹ ਇੱਕ ਸਾਪਤਾਹਿਕ ਪੱਤਰ ਸੀ ਤੇ ਲਾਹੌਰ ਤੋਂ ਪੱਥਰ ਦੇ ਛਾਪੇ ਤੇ ਛਪਦਾ ਸੀ। ਇਸ ਪੱਤਰ ਵਿੱਚ ਸਿੰਘ ਸਭਾਵਾਂ ਦੀਆਂ ਮੀਟਿੰਗਾਂ ਦੀਆਂ ਕਾਰਵਾਈਆਂ, ਇਸ਼ਤਿਹਾਰ ਵਿਚਾਰ ਤੇ ਪ੍ਰੋਗਰਾਮ ਛਪਦੇ ਸਨ। ਪੰਜਾਬੀ ਪੱਤਰਕਾਰੀ ਦੇ ਮੈਦਾਨ

DATE

ਵਿੱਚ ਸ਼ੁੱਧ ਪੰਜਾਬੀ ਦਾ ਇਹ ਪਹਿਲਾ ਪੱਤਰ ਸੀ ਅਤੇ ਭਾਈ ਪ੍ਰਤਾਪ ਸਿੰਘ ਨਵੀਂ ਪੰਜਾਬੀ ਵਾਰਤਕ ਦੇ ਪਹਿਲੇ ਲਿਖਾਰੀ ਸਨ। ਭਾਈ ਪ੍ਰਤਾਪ ਸਿੰਘ ਭਾਈ ਗੁਰਮੁਖ ਸਿੰਘ ਦੇ ਗੂੜ੍ਹੇ ਮਿੱਤਰ ਸਨ ਤੇ 1880 ਵਿੱਚ 'ਗੁਰਮੁਖੀ ਅਖ਼ਬਾਰ' ਜਾਰੀ ਹੋਣ ਉੱਤੇ ਭਾਈ ਪ੍ਰਤਾਪ ਸਿੰਘ ਨੇ ਆਪਣਾ ਪੱਤਰ ਬੰਦ ਕਰਕੇ ਇਸ ਨਵੇਂ ਪੱਤਰ ਦੇ ਪ੍ਰਕਾਸ਼ਨ ਵਿੱਚ ਸਹਿਯੋਗ ਦੇਣਾ ਆਰੰਭ ਕੀਤਾ।

## ਪੰਜਾਬੀ ਪੱਤਰਕਾਰੀ (ਮੁੱਢ ਤੋਂ ਸੰਨ 1900 ਤੱਕ)

ਪੰਜਾਬੀ ਪੱਤਰਕਾਰੀ ਦਾ ਆਰੰਭ ਉਨੀਵੀਂ ਸਦੀ ਦੇ ਉੱਤਰਾਰਧ ਵਿੱਚ ਹੋਇਆ, ਜਦੋਂ ਛਾਪੇਖਾਨੇ ਦੀ ਸਥਾਪਨਾ ਹੋਈ। ਕਿਉਂਕਿ ਪੱਤਰਕਾਰੀ ਦਾ ਸਰਬਪੱਖੀ ਵਰਤਣ ਜਨ-ਸੰਚਾਰ ਦੀ ਪ੍ਰਣਾਲੀ ਲਈ ਇਹ ਤਾਂ ਕੁਝ ਹੱਥ ਲਿਖਤ ਕਾਰਜ ਨਹੀਂ, ਇਸ ਉਦੇਸ਼ ਲਈ ਬੇਸ਼ੁਮਾਰ ਪ੍ਰਤੀਆਂ ਦੀ ਲੋੜ, ਜੋ ਕਿ ਅਤੇ ਇਤਨੀਆਂ ਪ੍ਰਤੀਆਂ ਹੱਥ ਲਿਖਤਾਂ ਰਾਹੀਂ ਸੰਭਵ ਨਹੀਂ ਹੋ ਸਕਦੀਆਂ। ਇਸ ਲਈ ਪੱਤਰਕਾਰੀ ਦਾ ਵਿਕਾਸ ਛਾਪੇਖਾਨੇ ਦੇ ਵਿਕਾਸ ਉੱਤੇ ਨਿਰਭਰ ਕਰਦਾ ਹੈ।

**ਪੰਜਾਬੀ ਦੀ ਪਹਿਲੀ ਪ੍ਰਕਾਸ਼ਨਾ :-** ਭਾਵੇਂ ਭਾਰਤ ਵਿੱਚ ਪਹਿਲਾ ਛਾਪਾਖਾਨਾ (6) ਸਤੰਬਰ 1556 ਨੂੰ ਸਥਾਪਿਤ ਹੋਇਆ ਅਤੇ ਕਿਸੇ ਭਾਰਤੀ ਭਾਸ਼ਾ ਵਿੱਚ ਸਭ ਤੋਂ ਪਹਿਲੀ ਪੁਸਤਕ 1578 ਵਿੱਚ ਛਪੀ, ਪਰ ਪੰਜਾਬੀ ਵਿੱਚ ਸਭ ਤੋਂ ਪਹਿਲੀ ਪੁਸਤਕ ਭਾਰਤ ਵਿੱਚ ਛਾਪੇਖਾਨੇ ਦੀ ਸਥਾਪਤੀ ਤੋਂ ਢਾਈ ਸੌ ਸਾਲ ਮਗਰੋਂ 1811 ਵਿੱਚ ਛਪੀ। ਇਹ ਪੁਸਤਕ ਸੇਰਾਮਪੁਰ ਦੇ ਈਸਾਈ ਪਾਦਰੀਆਂ ਵੱਲੋਂ ਬਾਈਬਲ ਦਾ ਉਲੱਥਾ ਸੀ। ਇਹ ਸੇਰਾਮਪੁਰ ਵਿੱਚ ਛਾਪੀ ਗਈ। ਸੇਰਾਮਪੁਰ ਮਿਸ਼ਨ ਨੇ ਉਨੀਵੀਂ ਸਦੀ ਦੇ ਸ਼ੁਰੂ ਵਿੱਚ ਜੋ ਭਾਰਤ ਦੀਆਂ

ਕਈ ਬੋਲੀਆਂ ਵਿੱਚ ਬਾਈਬਲ ਦੇ ਉਲੱਥੇ ਛਾਪੇ, ਇਸੇ ਤੌਰ ਕਿ ਜਿਹੜੀ ਪੰਜਾਬੀ ਵਿਚ ਵੀ ਬਾਈਬਲ ਦਾ ਉਲੱਥਾ 1819 ਵਿਚ ਛਪ ਗਿਆ ਸੀ।

**ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਮੁੱਢਲੇ ਜਤਨ :-**

ਪੰਜਾਬੀ ਪੱਤਰਕਾਰੀ ਦੇ ਆਰੰਭ ਬਾਰੇ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਪ੍ਰੈਸ ਕਮਿਸ਼ਨ ਦੀ ਰਿਪੋਰਟ ਅਨੁਸਾਰ ਪੰਜਾਬ ਦਾ ਪਹਿਲਾ 1850-60 ਵਿਚਕਾਰ ਲੁਧਿਆਣੇ ਤੋਂ ਈਸਾਈ ਪਾਦਰੀਆਂ ਨੇ ਜਾਰੀ ਕੀਤਾ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਇਸ ਦਾ ਨਾਂ 'ਫੁਪੱੜੀਆਂ' ਸੀ ਅਤੇ ਇਹ ਤੌਰ ਹਫ਼ਤੇ ਅਨੁਸਾਰ ਇਸ ਦੀ ਇਕ 750 ਕਾਪੀ ਛਾਪੀ ਹੈ। ਪ੍ਰੋ. ਪ੍ਰੀਤਮ ਸਿੰਘ ਨੇ ਇਸ ਵਿਚ ਛਪੇ ਇਕ ਲੇਖ 'ਵਿੱਦਿਆ ਦੇ ਸਿੱਖਿਆ' ਵਿਚੋਂ ਟੂਕ ਵੀ ਦਿੱਤੀ ਹੈ। ਇਕ ਹੋਰ ਸਰੋਤ ਅਨੁਸਾਰ ਲੁਧਿਆਣਾ ਮਿਸ਼ਨ ਨੇ 1839 ਵਿਚ ਫ਼ਾਰਸੀ ਅਤੇ ਪੰਜਾਬੀ ਦਾ ਇਕ ਸਾਂਝਾ ਪੱਤਰ ਛਾਪਣਾ ਆਰੰਭ ਕੀਤਾ। ਗੋਵਿੰਦ ਨਾਥ ਰਾਜਗੁਰੂ ਨੇ 'ਸਰਸਵਤੀ' ਦੇ 1964 ਦੇ ਦੀਵਾਲੀ ਅੰਕ ਵਿਚ ਪਟਿਆਲਾ ਤੋਂ ਫਰਵਰੀ 1838 ਵਿਚ 'ਖ਼ਗਤ ਵਕਾਸਕਰਮ' ਨਾਂ ਦਾ ਇਕ ਗੁਰਮੁਖੀ ਪੱਤਰ ਛਾਪਣ ਦਾ ਸੰਕੇਤ ਕੀਤਾ ਹੈ। ਇਕ ਹੋਰ ਸਰੋਤ ਅਨੁਸਾਰ ਲਾਹੌਰ ਤੋਂ 1856 ਵਿਚ ਅੰਗਰੇਜ਼ੀ, ਪੰਜਾਬੀ ਅਤੇ ਫ਼ਾਰਸੀ ਦਾ ਸਾਂਝਾ ਪੱਤਰ 'ਪੰਜਾਬੀ' ਜਾਰੀ ਕੀਤਾ ਗਿਆ। ਇਕ ਈਸਾਈ ਪ੍ਰਚਾਰਕ ਅਨੁਸਾਰ ਲੁਧਿਆਣੇ ਦੇ ਈਸਾਈ ਮਿਸ਼ਨ ਨੇ 19ਵੀਂ ਸਦੀ ਦੇ ਪਹਿਲੇ ਦਹਾਕੇ ਵਿਚ 'ਲੁਧਿਆਣਾ ਅਖ਼ਬਾਰ' ਨਾਂ ਦਾ ਪੱਤਰ ਵੀ ਜਾਰੀ ਕੀਤਾ।

ਉਪਰੋਕਤ ਸਾਰੇ ਵਿਚਾਰ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਪੰਜਾਬੀ ਪੱਤਰਕਾਰੀ 19ਵੀਂ ਸਦੀ ਦੇ ਅੱਧ ਦੇ ਨੇੜੇ ਤੇੜੇ ਆਰੰਭ ਹੋ ਗਈ ਸੀ।